# ਰਸੂਲਾਂ ਦੇ ਕਰਤੱਬ, ਸੇਵਕਾਈ ਲਈ ਨਿਰਦੇਸ਼

ਜਿਹੜੇ ਬੱਚਿਆਂ ਨੂੰ ਸਿੱਖਿਆ ਦੇਂਦੇ ਹਨ ਉਨ੍ਹਾਂ ਨੂੰ A1b ਦਾ ਅਧਿਐਨ ਕਰਨਾ ਚਾਹੀਦਾ ਹੈ।

ਪ੍ਰਾਰਥਨਾ : ''ਪ੍ਰਭੂ ਸਾਨੂੰ ਪਵਿੱਤਰ ਆਤਮਾ ਦੀ ਸ਼ਕਤੀ ਦੇ, ਜਿਸਦਾ ਵਾਅਦਾ ਤੂੰ ਰਸੂਲਾਂ ਦੇ ਕਰਤੱਬ 1:8 ਵਿੱਚ ਮਸੀਹ ਲਈ ਗਵਾਹੀ ਦੇਣ ਲਈ ਕੀਤਾ ਹੈ।''

**1. ਪਰਮੇਸ਼ੁਰ ਦੇ ਵਚਨ ਨਾਲ ਆਪਣਾ ਦਿਲ ਅਤੇ ਦਿਮਾਗ ਤਿਆਰ ਕਰੋ।**

ਲੂਕਾ, ਜਿਸਨੇ ਇੱਕ ਇੰਜ਼ੀਲ ਵੀ ਲਿਖੀ, ਰਸੂਲਾਂ ਦੇ ਕਰਤੱਬ ਵਿੱਚ ਉਸਨੇ ਲਿਖਿਆ ਹੈ ਕਿ ਕਿਵੇਂ ਯਰੂਸ਼ਲਮ ਦੀ ਕਲੀਸਿਆ ਸ਼ੁਰੂ ਹੋਈ ਅਤੇ ਸਾਰੇ ਰੋਮ ਸਾਮਰਾਜ ਵਿੱਚ ਯਹੂਦੀਆਂ ਅਤੇ ਪਰਾਈਆਂ ਕੌਮਾਂ ਵਿੱਚਕਾਰ, ਏਸ਼ੀਆ, ਅਫਰੀਕਾ ਅਤੇ ਯੂਰਪ ਵਿੱਚ ਫੈਲ ਗਈ।




ਰਸੂਲਾਂ ਦੇ ਕਰਤੱਬ **1** ਪੜ੍ਹੋ, 1-8 ਆਇਤਾਂ ਵਿੱਚ ਪਰਮੇਸ਼ੁਰ ਦੇ ਰਾਜ ਨੂੰ ਫੈਲਾਉਣ ਲਈ ਸਾਡੀ ਸ਼ਕਤੀ ਦਾ ਸੋਮਾ ਲੱਭੋ।

ਰਸੂਲਾਂ ਦੇ ਕਰਤੱਬ **1-8** ਵਿੱਚ ਉਹ ਚਾਰ ਜਗ੍ਹਾਵਾਂ ਲੱਭੋ, ਜਿੱਥੇ ਉਨ੍ਹਾਂ ਪਵਿੱਤਰ ਆਤਮਾ ਦੀ ਸ਼ਕਤੀ ਨਾਲ ਯਿਸੂ ਦੀ ਘੋਸ਼ਣਾ ਕੀਤੀ।

1) **ਯਰੂਸ਼ਲਮ** ਸਾਡੇ ਸਮਾਜ ਦੇ ਬਰਾਬਰ ਹੈ, ਜਿੱਥੇ ਅਸੀ ਰਹਿੰਦੇ ਹਾਂ। ਤੁਹਾਡਾ ''ਯਰੂਸ਼ਲਮ'' ਕੀ ਹੈ?
2) **ਯਹੂਦਿਯਾ** ਉਨਾਂ ਨੇੜੇ ਦੇ ਲੋਕਾਂ ਵੱਲ ਸੰਕੇਤ ਕਰਦਾ ਹੈ, ਜਿਹੜੇ ਸਾਡੇ ਸੱਭਿਆਚਾਰ ਦੇ ਹਨ। ਤੁਹਾਡਾ 'ਯਹੂਦਿਯਾ ਕਿੱਥੇ ਹੈ?
3) **ਸਾਮਰਿਯਾ** ਦਾ ਅਰਥ ਹੈ, ਇਕੋ ਜਿਹੇ ਸੱਭਿਆਚਾਰ ਦੇ ਲੋਕ। ਤੁਹਾਡੇ ''ਸਾਮਰੀ'' ਕੋਣ ਹਨ?
4) **ਧਰਤੀ ਦੇ ਬੰਨੇ** ਦਾ ਅਰਥ ਹੈ ਵਿਸਰੇ, ਦੂਰਵਰਤੀ ਲੋਕ ਜਿਨ੍ਹਾਂ ਤੱਕ ਪਰਮੇਸ਼ੁਰ ਪਹੁੰਚਣਾ ਚਾਹੁੰਦਾ ਹੈ।

**ਰਸੂਲਾਂ ਦੇ ਕਰਤੱਬ 1:14** ਵਿੱਚ ਲੱਭੋ ਕਿ ਚੇਲੇ ਕੀ ਕਰ ਰਹੇ ਸਨ, ਜਦੋਂ ਉਹ ਪਵਿੱਤਰ ਆਤਮਾ ਦੀ ਉਡੀਕ ਕਰ ਰਹੇ ਸਨ, ਜਿਸਦਾ-ਕਰਾਰ ਯਿਸੂ ਨੇ ਕੀਤਾ ਸੀ।

**ਰਸੂਲਾਂ ਦੇ ਕਰਤੱਬ 2** ਪੜ੍ਹੋ। ਉਨ੍ਹਾਂ ਗੱਲਾਂ ਨੂੰ ਲੱਭੋ, ਜਿਹੜੀਆਂ ਉਡੀਕ ਕਰ ਰਹੇ ਚੇਲਿਆਂ ਦੇ ਪਵਿੱਤਰ ਆਤਮਾ ਨਾਲ ਭਰਪੂਰ ਹੋਣ ਤੋ ਬਾਅਦ ਹੋਈਆਂ। ਕੀ ਪਵਿੱਤਰ ਆਤਮਾ ਨੇ ਉਨ੍ਹਾਂ ਨੂੰ ਐਵੇਂ ਇਕ ਉਤੇਜਕ ਅਨੁਭਵ ਲਈ ਜਾਂ ਉਨ੍ਹਾਂ ਨੂੰ ਗਵਾਹੀ ਦੇਣ ਵਿੱਚ ਮਦਦ ਕਰਨ ਲਈ ਭਰਪੂਰ ਕੀਤਾ?

- **ਰਸੂਲਾਂ ਦੇ ਕਰਤੱਬ 2:24-32** ਵਿੱਚ ਲੱਭੋ, ਯਿਸੂ ਦੀ ਮੌਤ ਤੋਂ ਇਲਾਵਾ ਪਤਰਸ ਦੇ ਸ਼ਕਤੀਸਾਲੀ ਸੰਦੇਸ਼ ਦਾ ਮੁੱਖ ਜ਼ੋਰ।
- **ਰਸੂਲਾਂ ਦੇ ਕਰੱਤਬ 2:37-47** ਵਿੱਚ ਲੱਭੋ, ਸੱਤ ਗਲਾਂ ਜਿਹੜੀਆਂ ਵਿਸ਼ਵਾਸੀਆਂ ਨੇ ਯਿਸੂ ਦੇ ਹੁਕਮਾਂ ਦੀ ਆਗਿਆਕਾਰੀ ਵਿੱਚ ਉਸੇ ਵੇਲੇ ਕੀਤੀਆਂ।

ਰਸੂਲਾਂ ਦੇ ਕਰਤੱਬ ਦੇ ਹੋਰਨਾਂ ਅਧਿਆਇਆਂ ਵਿੱਚ **ਲੱਭੋ:-**

ਅਧਿਆਏ 3: ਪਰਮੇਸ਼ੁਰ ਕੋਲੋਂ ਅਸੀ ਕੀ ਕਰਨ ਦੀ ਉਮੀਦ ਕਰ ਸਕਦੇ ਹਾਂ, ਜਦੋਂ ਅਸੀਂ ਉਸਨੂੰ ਯਿਸੂ ਦੇ ਨਾਮ ਵਿੱਚ ਪੁਕਾਰਦੇ ਹਾਂ।

ਅਧਿਆਏ 4: ਅਸੀ ਕੀ ਕਰ ਸਕਦੇ ਹਾਂ, ਜਦੋਂ ਵਿਰੋਧੀ ਅਧਿਕਾਰੀ ਸਾਨੂੰ ਧਮਕੀ ਲਾਉਂਦੇ ਹਨ?

ਅਧਿਆਏ 5 : ਪਰਮੇਸ਼ੁਰ ਨੇ ਉਨ੍ਹਾ ਲੋਕਾਂ ਨਾਲ ਕੀ ਕੀਤਾ, ਜਿਨ੍ਹਾਂ ਉਸਨੂੰ ਝੂਠ ਬੋਲਿਆ?

ਅਧਿਆਏ 6 : ਮੰਡਲੀ ਲੋੜਵੰਦ ਲੋਕਾਂ ਦੀ ਦੇਖਭਾਲ ਕਰਨ ਲਈ ਕੀ ਕਰਦੀ ਸੀ?

ਅਧਿਆਏ 7 : ਇਤਸੀਫ਼ਾਨ ਨੇ ਆਗੂਆਂ ਨੂੰ ਗੁੱਸਾ ਦਿਵਾਉਦਿਆ ਇਸਰਾਏਲ ਦੇ ਇਤਹਾਸ ਦੀ ਕਿਵੇਂ ਸਮੀਖਿਆ ਕੀਤੀ ਅਤੇ ਉਨ੍ਹਾਂ ਉਸ ਨਾਲ ਕੀ ਕੀਤਾ?

ਅਧਿਆਏ 8 : ਫ਼ਿਲਿਪੁੱਸ ਨੇ ਸਾਮਰਿਯਾ ਵਿੱਚ ਪਰਮੇਸ਼ੁਰ ਦਾ ਕੰਮ ਕਿਵੇਂ ਸ਼ੁਰੂ ਕੀਤਾ ਅਤੇ ਸ਼ਮਊਨ ਨੇ ਚੇਲਿਆਂ ਨੂੰ ਪੈਸੇ ਦੀ ਪੇਸ਼ਕਸ਼ ਕਿਉਂ ਕੀਤੀ?

ਅਧਿਆਏ 9 : ਪਰਮੇਸ਼ੁਰ ਨੇ ਮਸੀਹੀਆਂ ਦੇ ਸਭ ਤੋ ਬੁਰੇ ਮਨੁੱਖ ਦੁਸ਼ਮਣ ਨੂੰ ਤੋਬਾ ਕਰਨ ਦੇ ਯੋਗ ਕਿਵੇਂ ਬਣਾਇਆ?

ਅਧਿਆਏ 10-11: ਪਰਮੇਸ਼ੁਰ ਨੇ ਵਿਸ਼ਵਾਸ ਕਰਨ ਵਾਲੇ ਯਹੂਦੀਆਂ ਨੂੰ ਕਿਵੇਂ ਭਰੋਸਾ ਦਿਵਾਇਆ ਕਿ ਪਰਾਈਆਂ ਕੌਮਾਂ ਨੇ ਵੀ ਉਸਦਾ ਪਵਿੱਤਰ ਆਤਮਾ ਪਾਇਆ ਹੈ?

ਅਧਿਆਏ 12 : ਰਾਜਾ ਹੇਰੋਦੇਸ ਨੇ ਯਾਕੂਬ ਨਾਲ ਕੀ ਕੀਤਾ, ਅਤੇ ਪਤਰਸ ਹੇਰੋਦੇਸ ਕੋਲੋਂ ਕਿਵੇਂ ਬਚਿਆ?

ਅਧਿਆਏ 13-14: ਪੌਲੁਸ ਨੂੰ ਦੂਰ ਦੇਸ਼ਾ ਵਿੱਚ ਕਿਸਨੇ ਭੇਜਿਆ, ਉਸਦੇ ਨਾਲ ਕੌਣ ਗਿਆ, ਅਤੇ ਕਿਵੇਂ ਉਨ੍ਹਾਂ ਨੇ ਵਿਸ਼ਵਾਸੀਆਂ ਨੂੰ ਇੱਕਠੇ ਕੀਤਾ?

ਅਧਿਆਏ 15 : ਪਰਮੇਸ਼ੁਰ ਨੇ ਕਿਵੇਂ ਯਹੂਦੀਆਂ ਦੀਆਂ ਪਰਾਈਆਂ ਕੌਮਾਂ ਦੇ ਵਿਸ਼ਵਾਸੀਆਂ ਨੂੰ, ਜਿਹੜੇ ਪੁਰਾਣੀ ਯਹੂਦੀ ਸ੍ਰਰਾ ਨੂੰ ਸਹੀ ਮੰਨਦੇ ਸਨ, ਕਬੂਲ ਕਰਨ ਵਿੱਚ ਮਦਦ ਕੀਤੀ?

ਅਧਿਆਏ 16 : ਯੂਰਪ, ਫ਼ਿਲਿੱਪੀ ਵਿੱਚ ਪਹਿਲੀ ਕਲੀਸਿਯਾ ਕਿਵੇਂ ਸ਼ੁਰੂ ਹੋਈ, ਅਤੇ ਪੌਲੁਸ ਕੇ ਆਪਣੇ ਦਰੋਗੇ ਨਾਲ ਕੀ ਵਾਅਦਾ ਕੀਤਾ।

ਅਧਿਆਏ 17 : ਵੱਖ–ਵੱਖ ਢੰਗ ਜਿਨ੍ਹਾਂ ਨਾਲ ਯਹੂਦੀਆਂ ਨੇ ਪੌਲੁਸ ਦੇ ਸੰਦੇਸ ਨੂੰ ਸਵਿਕਾਰ ਕੀਤਾ।

ਅਧਿਆਏ 18 : ਕੁਰਿੰਥੁਸ ਵਿੱਚ ਪੌਲੁਸ ਨੇ ਆਪਣੀ ਸਹਾਇਤਾ ਕਿਵੇਂ ਕੀਤੀ, ਅਤੇ ਉਸਦੇ ਮਾਲਕਾਂ ਨੇ ਅਪੁੱਲੋਸ ਲਈ ਕੀ ਕੀਤਾ।

ਅਧਿਆਏ 19-20: ਅਫ਼ਸੁਸ ਵਿੱਚ ਬਹੁਤ ਸਾਰੀਆਂ ਘਟਨਾਵਾਂ ਹੋਇਆਂ, ਉੱਥੇ ਕਿਵੇਂ ਰੌਲਾ ਪਿਆ, ਅਤੇ ਉਸਨੇ ਬਘਿਆੜਾਂ ਬਾਰੇ ਕੀ ਚੇਤਾਵਨੀ ਦਿੱਤੀ?

ਅਧਿਆਏ 21-28: ਪੌਲੁਸ ਨੂੰ ਯਰੂਸ਼ਲਸ ਵਿੱਚ ਕੈਦ ਵਿੱਚ ਕਿਉਂ ਸੁੱਟਿਆ ਗਿਆ ਜਦੋਂ ਉਸਦੀ ਪੇਸ਼ੀ ਅਤੇ ਰੋਮ ਨੂੰ ਜਾਂਦਿਆ ਜੋ ਹੋਇਆ।

## 2. ਯੋਜਨਾ ਬਣਾਉ ਕਿ ਅਗਲੇ ਹਫ਼ਤੇ, ਚੇਲਿਆਂ ਦੀ ਉਦਾਹਰਣ ਪਿੱਛੇ ਚੱਲਣ ਲਈ ਤੁਹਾਡਾ ਝੁੰਡ ਕੀ ਕਰੇਗਾ?

- ਵਿਸ਼ਵਾਸੀਆਂ ਲਈ ਉਨ੍ਹਾਂ ਲੋਕਾਂ ਕੋਲ ਜਾ ਕੇ ਮਸੀਹ ਲਈ ਗਵਾਹੀ ਦੇਣ ਦੀ ਯੋਜਨਾ ਬਣਾਓ, ਜਿਹੜੇ ਉਸਨੂੰ ਨਹੀਂ ਜਾਣਦੇ ਹਨ?
- ਉਨ੍ਹਾਂ ਨੂੰ ਇਸ ਪ੍ਰਾਰਥਨਾ ਨਾਲ ਅਤੇ ਪਵਿੱਤਰ ਆਤਮਾ ਦੀ ਸ਼ਕਤੀ ਵਿੱਚ ਕੁਝ ਕਰਨ ਲਈ ਮਦਦ ਕਰਨ ਦੀ ਯੋਜਨਾ ਬਣਾਓ, ਜਿਵੇਂ ਚੇਲਿਆਂ ਨੇ ਕੀਤਾ।
- ਤੁਹਾਡੇ ਆਪਣੇ 'ਯਹੂਦਿਯਾ', 'ਸਾਮਰਿਯਾ' ਅਤੇ ਯਰੂਸ਼ਲਮ ਵਿੱਚ ਕੰਮ ਲਈ ਲੰਬੇ ਸਮੇਂ ਦੀਆਂ ਯੋਜਨਾਵਾਂ ਬਣਾਓ।

## 3. ਸਹਿਕਰਮੀਆਂ ਨਾਲ ਮਿਲਕੇ ਆਉਣ ਵਾਲੇ ਅਰਾਧਨਾ ਸਮੇਂ ਬਾਰੇ ਯੋਜਨਾ ਬਣਾਓ

ਅਜਿਹੀਆਂ ਗਤੀਵਿਧੀਆਂ ਚੁਣੋ, ਜਿਹੜੀਆਂ ਵਰਤਮਾਨ ਲੋੜਾਂ ਅਤੇ ਸਥਾਨਕ ਰਿਵਾਜਾਂ ਲਈ ਢੁੱਕਵੀਆਂ ਹਨ?

ਗਵਾਹੀ ਦੇਣ ਲਈ ਤਿਆਰੀ ਕਰੋ। ਅਰਾਧਨਾ ਦੌਰਾਨ, ਤੁਸੀ ਵਿਸ਼ਵਾਸੀਆਂ ਨੂੰ ਯਿਸੂ ਲਈ ਸ਼ਕਤੀ ਨਾਲ ਗਵਾਹੀ ਦੇਣ ਲਈ ਤਿਆਰ ਕਰੋ। ਜਦੋਂ ਤੁਸੀ ਜਾਂ ਤੁਹਾਡਾ ਸਹਾਇਕ ਰਸੂਲਾਂ ਦੇ ਕਰੱਤਬ 1:8 ਵਿੱਚੋ ਪੜ੍ਹੇ ਤਾਂ ਉਨ੍ਹਾਂ ਨੂੰ ਦੋ ਗੱਲਾਂ ਸੁਣਨ ਲਈ ਕਹੋ :

- ਪਹਿਲੀ, ਜੀ ਉੱਠੇ ਮਸੀਹ ਬਾਰੇ ਦੂਜਿਆਂ ਨੂੰ ਦੱਸਣ ਲਈ, ਅਸੀ ਕਿਸ ਤੋਂ ਸ਼ਕਤੀ ਪ੍ਰਾਪਤ ਕਰਦੇ ਹਾਂ?
- ਦੂਜੀ, ਕਿਹੜੀਆਂ ਚਾਰ ਜਗ੍ਹਾਂ ਤੇ ਚੇਲੇ ਪਵਿੱਤਰ ਆਤਮਾ ਦੀ ਸ਼ਕਤੀ ਨਾਲ ਗਵਾਹੀ ਦੇਣ ਗਏ?
- ਪੜ੍ਹਨ ਤੋਂ ਬਾਅਦ, ਲੋਕਾਂ ਨੂੰ ਇਨ੍ਹਾਂ ਦੋ ਪ੍ਰਸ਼ਨਾਂ ਦਾਂ ਉੱਤਰ ਦੇਣ ਦਿਓ ਅਤੇ ਉਨ੍ਹਾਂ ਨੂੰ ਇਸ ਬਾਰੇ ਗੱਲ–ਬਾਤ ਕਰਨ ਦਿਓ ਜੇਕਰ ਉਹ ਕਰ ਸਕਦੇ ਹਨ।

ਪੁੱਛੋ ਕਿ ਕਿਹੜੀਆਂ ਜਗ੍ਹਾਂਵਾਂ ਉਨ੍ਹਾਂ ਚਾਰ ਜਗ੍ਹਾਂਵਾਂ ਦੇ ਬਰਾਬਰ ਹਨ ਜਿੱਥੇ ਚੇਲਿਆਂ ਨੇ ਮਸੀਹ ਲਈ ਗਵਾਹੀ ਦਿੱਤੀ? (*ਉੱਤਰ, ਉੱਪਰ ਭਾਗ 1 ਵਿੱਚ ਹਨ।*) ਫਿਰ ਆਪਣੇ ''ਯਹੂਦਿਯਾ'' ਜਾਂ ''ਸਾਮਰਿਯਾ'' ਦੇ ਲੋਕਾਂ ਲਈ ਪ੍ਰਾਰਥਨਾ ਕਰੋ ਜਿਹੜੇ ਯਿਸੂ ਨੂੰ ਨਹੀ ਜਾਣਦੇ।

ਬੱਚਿਆਂ ਨੂੰ ਨਾਟਕ, ਕਵਿਤਾ ਅਤੇ ਪ੍ਰਸ਼ਨ, ਜਿਹੜੇ ਉਨ੍ਹਾਂ ਨੇ ਤਿਆਰ ਕੀਤੇ ਹਨ, ਪੇਸ਼ ਕਰਨ ਦਿਓ।

ਇਕੱਠੇ ਮਿਲਕੇ ਰਸੂਲਾਂ ਦੇ ਕਰਤੱਬ 1:8 ਯਾਦ ਕਰੋ।

ਉਨ੍ਹਾਂ ਯੋਜਨਾਂਵਾਂ ਬਾਰੇ **ਦੱਸੋ**, ਜਿਹੜੀਆਂ ਤੁਸੀਂ ਸਹਿਕਰਮੀਆਂ ਨਾਲ ਮਿਲਕੇ, ਹਫ਼ਤੇ ਦੇ ਦੌਰਾਨ ਲੋਕਾਂ ਕੋਲ ਜਾਣ ਅਤੇ ਉਨ੍ਹਾਂ ਨੂੰ ਪ੍ਰਭੂ ਯਿਸੂ ਬਾਰੇ ਦੱਸਣ ਲਈ ਬਣਾਈਆ ਹਨ। ਇਸ ਕੰਮ ਲਈ ਚੰਗੀ ਤਰ੍ਹਾਂ ਪ੍ਰਬੰਧ ਕਰੋ। ਵਿਸ਼ਵਾਸੀਆਂ ਨੂੰ ਗੱਲਬਾਤ ਕਰਨ ਦਿਓ ਕਿ ਉਹ ਕਿਸ ਕੋਲ ਜਾਣਗੇ।

ਨਵੇਂ ਚੇਲਿਆਂ ਦੀ, ਯਿਸੂ ਦੇ ਮੂਲ ਹੁਕਮਾਂ ਦੀ ਪਾਲਨਾ ਕਰਨ ਵਿੱਚ ਮਦਦ ਕਰਨ ਲਈ **ਤਿਆਰੀ ਕਰੋ**। ਇਸ ਤੋਂ ਪਹਿਲਾ ਕਿ ਤੁਸੀ ਜਾਂ ਤੁਹਾਡਾ ਸਹਾਇਕ ਰਸੂਲਾਂ ਦੇ ਕਰੱਤਬ 2:37-47 ਵਿੱਚੋਂ ਪੜ੍ਹੋ, ਵਿਸ਼ਵਾਸੀਆਂ ਨੂੰ ਉਹ ਗੱਲਾਂ ਸੁਣਨ ਲਈ ਕਹੋ, ਜਿਹੜੀਆਂ 3000 ਬਦਲੇ ਹੋਏ ਲੋਕਾਂ ਨੇ ਯਿਸੂ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਯਰੂਸ਼ਲਮ ਵਿੱਚ ਕੀਤੀਆਂ। ਦੱਸੋ ਕਿ ਤੁਹਾਡਾ ਸਹਾਇਕ ਬਿਨ੍ਹਾਂ ਸ਼ਬਦਾਂ ਤੋਂ ਇਨ੍ਹਾਂ ਸੱਤ ਗੱਲਾਂ ਦਾ ਪ੍ਰਦਰਸ਼ਨ ਕਰੇਗਾ, ਜਿਹੜੀਆਂ ਨਵੇਂ ਵਿਸ਼ਵਾਸੀਆ ਨੇ ਯਿਸੂ ਦੀ ਆਗਿਆਂ ਮੰਨਣ ਲਈ ਪੰਤੇਕੁਸਤ ਤੋਂ ਬਾਅਦ ਕੀਤੀਆ। ਵਿਸ਼ਵਾਸੀਆ ਨੂੰ ਸੋਚਣ ਲਈ ਕਹੋ ਕਿ ਉਹ ਕਿਹੜੀਆਂ ਗੱਲਾਂ ਹਨ।

**1)** ਤੋਬਾ : ਦੋ ਸਹਾਇਕਾਂ ਨੂੰ ਬਿਨ੍ਹਾ ਬੋਲੇ ਤੋਬਾ ਦਾ ਅਭਿਨੈ ਕਰਨ ਲਈ ਤਿਆਰ ਕਰੋ।

- ਕਮਰੇ ਦੇ ਇਕ ਪਾਸੇ, ਪਹਿਲਾ ਸਹਾਇਕ ਸ਼ੈਤਾਨ ਦੀ ਤਰ੍ਹਾਂ ਮਖੌਲ ਕਰੇ ਅਤੇ ਆਪਣੇ ਹੱਥਾਂ ਨਾਲ ਦੂਜੇ ਨੂੰ ਉਸ ਵੱਲ ਆਉਣ ਦਾ ਇਸ਼ਾਰਾ ਕਰੇ।
- ਦੂਜਾ ਸਹਾਇਕ ਉਸ ਵੱਲ ਹੌਲੀ–ਹੌਲੀ ਤੁਰਿਆ ਜਾਵੇ, ਆਪਣੇ ਆਲੇ ਦੁਆਲੇ ਇਹ ਵੇਖਦੇ ਹੋਏ ਕਿ ਜਿਵੇਂ ਉਹ ਕਿਸੇ ਦੁਆਰਾ ਵੇਖੇ ਜਾਣ ਤੋ ਡਰ ਰਿਹਾ ਹੈ। ਜਦੋਂ ਲਗਭਗ ਉੱਥੇ ਪਹੁੰਚੇ, ਉਹ ਰੁਕ ਜਾਏ, ਆਪਣੇ ਹੱਥਾ ਨੂੰ ਆਪਣੇ ਦਿਲ ਤੇ ਰੱਖੇ ਅਤੇ ਪ੍ਰਾਰਥਨਾ ਕਰਨ ਦੇ ਅੰਦਾਜ਼ ਵਿੱਚ ਖੜ੍ਹਾ ਹੋਵੇ। ਫਿਰ ਉਹ ਮੁੜੇ ਅਤੇ ਹੋਰ ਰਸਤੇ ਵੱਲ ਨੂੰ ਵਾਪਸ ਚਲਿਆ ਜਾਏ।
- ਲੋਕਾਂ ਨੂੰ ਸੋਚਣ ਲਈ ਕਹੋ ਕਿ, ਕੀ ਅਭਿਨੈ ਕੀਤਾ ਗਿਆ ਹੈ? ਤੋਬਾ ਦਾ ਅਰਥ ਹੈ, ਸਾਡਾ ਦਿਲ ਬਦਲ ਗਿਆ ਹੈ, ਪਿੱਛੇ ਮੁੜਨਾ ਅਤੇ ਹੋਰ ਦਿਸ਼ਾ ਵੱਲ ਚਲੇ ਜਾਣਾ, ਪਾਪ ਵੱਲ ਨਹੀਂ, ਪਰ ਇਸ ਤੋਂ ਦੂਰ ਚਲੇ ਜਾਣਾ।

**2)** **ਬਪਤਿਸਮਾ** : ਇੱਕ ਸਹਾਇਕ ਦੂਜੇ ਨੂੰ ਬਪਤਿਸਮਾ ਦੇਣ ਦੀ ਕਿਰਿਆ ਵਿੱਚੋਂ ਗੁਜਰੇ। (ਲੋਕਾਂ ਨੂੰ ਸੋਚਣ ਦਿਓ।)

**3)** **ਪਰਮੇਸ਼ੁਰ ਦਾ ਵਚਨ ਸਿੱਖਣਾ ਅਤੇ ਸਿਖਾਉਣਾ**। ਇਕ ਜਣਾ ਬਾਈਬਲ ਨੂੰ ਖੋਲ੍ਹ ਕੇ ਸਿੱਧਾ ਫੜੇ ਅਤੇ ਹਰ ਇੱਕ ਨੂੰ ਵੇਖਣ ਦੇਵੇ, ਜਦੋਂ ਉਹ ਪੰਨੇ ਉੱਤੇ ਵਚਨਾਂ ਵੱਲ ਸੰਕੇਤ ਕਰਦਾ ਹੈ, ਜਿਵੇਂ ਕਿ ਉਹ ਕਿਸੇ ਹੋਰ ਵਿਅਕਤੀ ਨੂੰ ਦੱਸ ਰਿਹਾ ਹੈ। (ਲੋਕਾਂ ਨੂੰ ਸੋਚਣ ਦਿਓ।)

**4)** **ਸੰਗਤੀ** (ਇੱਕ ਦੂਜੇ ਨੂੰ ਪਿਆਰ ਕਰਨਾ)। ਇਕ ਸਹਾਇਕ ਆਪਣੇ ਹੀ ਲਿੰਗ ਦੇ ਕਿਸੇ ਹੋਰ ਵਿਅਕਤੀ ਨੂੰ ਗਲੇ ਲਾਵੇ ਜਾਂ ਕੁਝ ਅਜਿਹਾ ਕਰੇ ਜੋ ਤੁਹਾਡੇ ਸੱਭਿਆਚਾਰ ਵਿੱਚ ਕਿਸੇ ਦੂਜੇ ਵਿਅਕਤੀ ਨੂੰ ਮਸੀਹੀ ਪਿਆਰ ਵਿਖਾਵੇ। (ਲੋਕਾਂ ਨੂੰ ਸੋਚਣ ਦਿਓ।)

**5)** **ਰੋਟੀ ਤੋੜਨਾ** (ਪ੍ਰਭੂ ਭੋਜ) ਇੱਕ ਸਹਾਇਕ ਇਸ ਤਰ੍ਹਾਂ ਅਭਿਨੈ ਕਰੇ ਜਿਵੇਂ ਉਹ ਦੂਜੇ ਨੂੰ ਰੋਟੀ ਦੇ ਰਿਹਾ ਹੈ, ਅਤੇ ਫਿਰ ਇਕ ਕਾਲਪਨਕ ਪਿਆਲਾ। ਦੂਜਾ ਸਹਾਇਕ ਰੋਟੀ ਖਾਣ ਅਤੇ ਪਿਆਲਾ ਪੀਣ ਦਾ ਢੌਂਗ ਕਰੇ। (ਲੋਕਾਂ ਨੂੰ ਸੋਚਣ ਦਿਓ।)

**6)** **ਪ੍ਰਾਰਥਨਾ**: ਦੋਵੇਂ ਸਹਾਇਕ ਚੁੱਪ ਚਾਪ ਪ੍ਰਾਰਥਨਾ ਦੇ ਅੰਦਾਜ਼ ਵਿੱਚ ਖੜੇ ਹੋਣ। (ਲੋਕਾਂ ਨੂੰ ਸੋਚਣ ਦਿਓ।)

**7)** **ਦੇਣਾ** : ਇਕ ਸਹਾਇਕ ਇਸ ਤਰ੍ਹਾਂ ਅਭਿਨੈ ਕਰੇ ਜਿਵੇਂ ਉਹ ਦੂਜੇ ਨੂੰ ਕੁਝ ਦੇ ਰਿਹਾ ਹੈ, ਉਹ ਇਵੇਂ ਅਭਿਨੈ ਕਰੇ ਜਿਵੇਂ ਉਹ ਉਸਦਾ ਧੰਨਵਾਦੀ ਹੈ, ਪਰ ਬਿਨ੍ਹਾਂ ਸ਼ਬਦਾਂ ਤੋਂ। (ਲੋਕਾਂ ਨੂੰ ਸੋਚਣ ਦਿਓ।)

ਚੇਲਿਆਂ ਨੇ ਜੋ ਕੀਤਾ ਉਹ **ਦੱਸੋ**। ਇਕ ਜਾਂ ਵੱਧ ਘਟਨਾਵਾਂ ਚੁਣੋ, ਜਿਹੜੀਆਂ ਤੁਸੀਂ ਰਸੂਲਾਂ ਦੇ ਕਰਤੱਬ ਵਿੱਚ ਪੜ੍ਹੀਆਂ ਹਨ ਅਤੇ ਉਹਨਾਂ ਘਟਨਾਵਾਂ ਨੂੰ ਮੰਡਲੀ ਨੂੰ ਦੱਸੋ ਜਾਂ ਉਸ ਕਹਾਣੀ ਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰੋ। ਇਹ ਜਿਆਦਾ ਸ਼ਕਤੀਸ਼ਾਲੀ ਹੋਵੇਗੀ ਜੇਕਰ ਇਸ ਕਹਾਣੀ ਨੂੰ ਬਾਲਗ ਅਤੇ ਬੱਚੇ ਦੋਵੇਂ ਨਾਟਕ ਦੇ ਰੂਪ ਵਿੱਚ ਪੇਸ਼ ਕਰਨ ਲਈ ਮਦਦ ਕਰਨ। ਫਿਰ ਵਿਸ਼ਵਾਸੀਆਂ ਨੂੰ ਪੁੱਛੋ ਕਿ ਉਨ੍ਹਾਂ ਨੇ ਇਸ ਤੋਂ ਕੀ ਸਿੱਖਿਆ ਹੈ। ਪੁੱਛੋ ਕਿ ਨਤੀਜੇ ਵਜੋਂ ਉਨ੍ਹਾਂ ਦੇ ਕੀ ਕਰਨ ਦੀ ਯੋਜਨਾ ਹੈ।

**ਪ੍ਰਭੂ ਭੋਜ ਸ਼ੁਰੂ ਕਰਨ ਲਈ**, ਰਸੂਲਾਂ ਦੇ ਕਰਤੱਬ 20:7 ਪੜ੍ਹੋ। ਦੱਸੋ ਕਿ ਰਸੂਲਾਂ ਦੇ ਕਰਤੱਬ ਵਿੱਚ ਵਿਸ਼ਵਾਸੀ ਪ੍ਰਭੂ ਭੋਜ ਮਨਾਉਣ ਲਈ ਹਫ਼ਤੇ ਦੇ ਪਹਿਲੇ ਦਿਨ ਮਿਲਦੇ ਸਨ, ਜਿਸ ਦਿਨ ਯਿਸੂ ਜੀ ਉੱਠਿਆ ਸੀ।

**ਦੋ ਜਾਂ ਤਿੰਨ ਲੋਕਾਂ ਦੇ ਸਮੂਹਾਂ** ਵਿੱਚ ਇਕ ਦੂਜੇ ਲਈ ਪ੍ਰਾਰਥਨਾ ਅਤੇ ਮਦਦ ਕਰੋ। ਗਵਾਹੀ ਦੇਣ ਅਤੇ ਇਕ ਦੂਜੇ ਨੂੰ ਉਤਸਾਹਿਤ ਕਰਨ ਦੀਆਂ ਯੋਜਨਾਵਾਂ ਦੀ ਪੁਸ਼ਟੀ ਕਰੋ।

Copyright 2004 © by Paul-Timothy. May be freely copied. Download from www.Paul-Timothy.net